**ਡਾਇਰੈਕਟਰ ਜਨਰਲ ਸਕੂਲ ਸਿਖਿਆ**
**ਪੰਜਾਬ ਆਈ.ਸੀ.ਟੀ ਸਿਖਿਆ ਸੋਸਾਇਟੀ**
**ਐਸ ਸੀ ਓ-104-106, ਸੈਕਟਰ- 34 A, ਚਡੀਗੜ੍ਹ**
**ਫੋਨ ਨੰ: 2623207,2621106,2624673,ਫੈਕਸ ਨੰ: 2624687,2323206**

ਵੱਲ

(i) ਸਾਰੇ ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈ.ਸਿੰ),
(ii) ਸਾਰੇ ਸਕੂਲ ਮੁੱਖੀ (ਵੈਬ-ਸਾਈਟ ਰਾਹੀਂ)

ਮੀਮੋ ਨੰ: 3/2-ICT-2007/CW/PH-II/PHSC/32103-122
ਮਿਤੀ 8-04-2010

ਵਿਸ਼ਾ: **ਸਕੂਲਾਂ ਦੀ ਕੰਪਿਊਟਰ ਲੈਬਜ਼ ਵਿੱਚ ਦਿੱਤੇ ਫਰਨੀਚਰ ਨੂੰ ਸਿਊਂਕ ਤੋਂ ਬਚਾਉਣ ਲਈ ਉਪਾਅ ਕਰਨ ਬਾਰੇ।**

1. ਕਿਰਪਾ ਕਰਕੇ ਇਸ ਦਫਤਰ ਦੇ ਪੱਤਰ ਨੰ : 3/2-ICT-2007/CW/PH-II/PHSC/21841-60 ਮਿਤੀ 24 ਜੁਲਾਈ 2008 ਵੱਲ ਧਿਆਨ ਦੇਵੋ ਜੀ।

2. ਇਹ ਵੇਖਣ ਵਿੱਚ ਆਇਆ ਹੈ ਕਿ ਸਿਊਂਕ ਦੀ ਸਮੱਸਿਆ ਕਾਰਨ ਸਕੂਲਾਂ ਵਿੱਚ ਬਹੁਤ ਸਾਰੇ ਫਰਨੀਚਰ ਦਾ ਨੁਕਸਾਨ ਹੋ ਜਾਂਦਾ ਹੈ। ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈ.ਸਿੰ), ਨੂੰ ਬੇਨਤੀ ਹੈ ਕਿ ਉਹ ਸਕੂਲਾਂ ਨੂੰ ਸਿਊਂਕ ਨਾਲ ਨਜਿੱਠਣ ਦੇ ਕਾਰਗਾਰ ਉਪਾਅ ਕਰਨ ਲਈ ਹਦਾਇਤਾਂ ਜਾਰੀ ਕਰਨ। ਜਿਵੇਂ ਹੀ ਕੰਪਿਊਟਰ ਲੈਬ ਵਿੱਚ ਫਰਨੀਚਰ ਦੇ ਕਿਸੇ ਹਿੱਸੇ ਨੂੰ ਸਿਊਂਕ ਦਾ ਪਤਾ ਲਗਦਾ ਹੈ, ਫੌਰੀ ਇਸ ਨੂੰ ਜੜ ਤੋਂ ਖਤਮ ਕਰਨ ਲਈ, ਪ੍ਰਭਾਵਿਤ ਜਗ੍ਹਾ ਤੇ ਤੇ ਕਾਫੀ ਮਾਤਰਾ ਵਿੱਚ ਟਰਮਾਈਟ ਕੈਮੀਕਲ ਬਾਰ-ਬਾਰ ਛਿੜਕਣਾ ਜਾਂ ਲਗਾਉਣਾ ਚਾਹੀਦਾ ਹੈ ਤਾਂ ਕਿ ਸਿਊਂਕ ਨੂੰ ਉੱਥੇ ਹੀ ਨਸ਼ਟ ਕਰ ਦਿੱਤਾ ਜਾਵੇ ਅਤੇ ਇਹ ਬਾਕੀ ਫਰਨੀਚਰ ਵੱਲ ਨਾ ਫੈਲ ਜਾਵੇ। ਟਰਮਾਈਟ ਕੈਮੀਕਲ ਤੇ ਆਉਣ ਵਾਲਾ ਖਰਚਾ ਸਕੂਲਾਂ ਨੂੰ ਦਿੱਤੀ ਜਾਂਦੀ ਮੇਂਟੇਨੈਂਸ ਗਰਾਂਟ ਵਿੱਚੋਂ ਕੀਤਾ ਜਾ ਸਕਦਾ ਹੈ।

3. ਅਗਰ ਉਪਾਅ ਕਰਨ ਦੇ ਬਾਵਜੂਦ ਕਿਸੇ ਸਕੂਲ ਵਿੱਚ ਫਰਨੀਚਰ ਦਾ ਚੋਖੀ ਮਾਤਰਾ ਵਿੱਚ ਨੁਕਸਾਨ ਹੋ ਗਿਆ ਹੈ ਤਾਂ ਇਸ ਨੂੰ ਬਦਲਣ ਲਈ ਫਰਨੀਚਰ ਦਾ ਵੇਰਵਾ ਅਤੇ ਆਉਣ ਵਾਲੇ ਖਰਚੇ ਦਾ ਅਨੁਮਾਨ ਇਸ ਦਫਤਰ ਨੂੰ ਅਗਲੀ ਕਾਰਵਾਈ ਲਈ ਭੇਜਿਆ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿਖਿਆ**
**ਪੰਜਾਬ**